**Baba Farid University of Health Sciences**
Sadiq Road Faridkot – 151203 (Pb) India
Phone: 01639-256232, 256236
Fax: 01639-256234
Web: www.bfuhs.ac.in
E-mail:generalinfo@bfuhs.ac.in

No. 08-BFUHS/Estt.III/2025/6180 Date: 26/03/2025

## ਦਫ਼ਤਰੀ ਹੁਕਮ

**ਸ਼੍ਰੀਮਤੀ ਅਰਸ਼ਦੀਪ ਕੌਰ ਸੋਹੀ ਪੁੱਤਰੀ ਸ੍ਰੀ ਕਮਲਜੀਤ ਸਿੰਘ ਸੋਹੀ ਨੇ ਮਿਤੀ 27-07-2022 ਨੂੰ** ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ, ਫਰੀਦਕੋਟ ਵਿਖੇ ਰੈਗੂਲਰ ਆਧਾਰ 'ਤੇ ਸਟਾਫ ਨਰਸ ਵਜੋਂ ਜੁਆਇੰਨ ਕੀਤਾ ਸੀ। ਕਰਮਚਾਰਨ ਮਿਤੀ 22-08-2023 ਤੋਂ 06-09-2023 ਤੱਕ ਕਮਾਈ ਛੁੱਟੀ 'ਤੇ ਸੀ ਅਤੇ ਕਰਮਚਾਰਨ ਵੱਲੋਂ **ਮਿਤੀ 07-09-2023 ਤੋਂ ਲਗਾਤਾਰ ਗੈਰਹਾਜ਼ਰ** ਰਹਿਣ ਕਰਕੇ ਦਫਤਰ, ਮੈਡੀਕਲ ਸੁਪਰਡੈਂਟ, ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ, ਫਰੀਦਕੋਟ ਵੱਲੋਂ ਪੱਤਰ ਨੰ: 14207 ਮਿਤੀ 29-07-2024 ਰਾਹੀਂ ਕਰਮਚਾਰਨ ਨੂੰ 15 ਦਿਨਾਂ ਦੇ ਅੰਦਰ-ਅੰਦਰ ਆਪਣੀ ਹਾਜ਼ਰੀ ਰਿਪੋਰਟ ਉਕਤ ਦਫਤਰ ਵਿਖੇ ਪੇਸ਼ ਕਰਨ ਦੀ ਹਦਾਇਤ ਕੀਤੀ ਗਈ ਸੀ ਅਤੇ ਕਿਹਾ ਗਿਆ ਸੀ ਕਿ ਹਾਜ਼ਰੀ ਰਿਪੋਰਟ ਪੇਸ਼ ਨਾ ਕਰਨ ਦੀ ਸੂਰਤ ਵਿੱਚ ਯੂਨੀਵਰਸਿਟੀ ਦੇ ਨਿਯਮਾਂ ਅਨੁਸਾਰ ਇੱਕ ਸਾਲ ਤੱਕ ਲਗਾਤਾਰ ਗੈਰ-ਹਾਜ਼ਰ ਕਾਰਨ ਕਰਮਚਾਰਨ ਦਾ Deemed Resignation ਮੰਨਦੇ ਹੋਏ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਪਰ ਕਰਮਚਾਰਨ ਵੱਲੋਂ ਹਾਜ਼ਰ ਨਾ ਹੋਣ ਦੀ ਸੂਰਤ ਵਿੱਚ ਉਕਤ ਦਫਤਰ ਵੱਲੋਂ ਪੱਤਰ ਨੰ: 298 ਮਿਤੀ 03-01-2025 ਰਾਹੀਂ ਫਿਰ 10 ਦਿਨਾਂ ਦੇ ਅੰਦਰ-ਅੰਦਰ ਹਾਜ਼ਰੀ ਰਿਪੋਰਟ ਪੇਸ਼ ਕਰਨ ਦੀ ਹਦਾਇਤ ਕੀਤੀ ਗਈ ਸੀ ਅਤੇ ਕਿਹਾ ਗਿਆ ਸੀ ਕਿ ਜੇਕਰ ਕਰਮਚਾਰਨ ਹਾਜ਼ਰੀ ਰਿਪੋਰਟ ਨਹੀਂ ਪੇਸ਼ ਕਰਦੀ ਤਾਂ ਨਿਯਮਾਂ ਅਨੁਸਾਰ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਕਤ ਦਫਤਰ ਨੇ ਸੂਚਿਤ ਕੀਤਾ ਹੈ ਕਿ ਕਰਮਚਾਰਨ ਨੂੰ ਭੇਜੇ ਉਕਤ ਪੱਤਰ ਡਲਿਵਰ ਹੋਏ ਬਿਨਾਂ ਹੀ ਵਾਪਸ ਆਉਂਦੇ ਰਹੇ ਹਨ।

ਪੰਜਾਬ ਸਰਕਾਰ ਦੇ ਪੱਤਰ ਨੰ 2/1/2017-3ਐ.ਪੀ.2/189-192 ਮਿਤੀ 12-05-2017 ਰਾਹੀਂ ਜਾਰੀ ਹੇਠ ਲਿਖੀਆਂ ਹਦਾਇਤਾਂ ਦੀ ਰੌਸ਼ਨੀ ਵਿੱਚ, ਲੋਕ ਹਿੱਤ ਤੇ ਖਾਸਕਰ ਮਰੀਜਾਂ ਦੇ ਹਿੱਤ ਵਿੱਚ ਇਸ ਕਰਮਚਾਰਨ ਦਾ ਯੂਨੀਵਰਸਿਟੀ ਸਰਵਿਸ ਤੋਂ ਅਸਤੀਫਾ(*Deemed Resignation*) ਦਿੱਤਾ ਗਿਆ ਸਮਝਿਆ ਜਾਂਦਾ ਹੈ ਕਿਉਂਕਿ ਕਰਮਚਾਰਨ ਨੂੰ ਆਪਣੀ ਡਿਊਟੀ ਤੋਂ ਗੈਰ-ਹਾਜ਼ਰ ਹੋਏ ਨੂੰ ਇੱਕ (1) ਸਾਲ ਤੋਂ ਵੱਧ ਸਮਾਂ ਹੋ ਗਿਆ ਹੈ। ਇਸ ਲਈ ਕਰਮਚਾਰਨ ਵੱਲੋਂ ਕਾਬਜ਼ ਆਸਾਮੀ ਨੂੰ ਖਾਲੀ ਘੋਸ਼ਿਤ ਕੀਤਾ ਜਾਂਦਾ ਹੈ ਅਤੇ ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼, ਫਰੀਦਕੋਟ ਵਿਖੇ ਕਰਮਚਾਰਨ ਦੀਆਂ ਰੈਗੂਲਰ ਸੇਵਾਵਾਂ ਮਿਤੀ **06-09-2023 ਬਾਅਦ ਦੁਪਹਿਰ** ਤੋਂ ਸਮਾਪਤ ਕੀਤੀਆਂ ਜਾਂਦੀਆਂ ਹਨ ਅਤੇ ਕਰਮਚਾਰਨ ਵੱਲੋਂ ਨੋ ਡਿਊਜ਼ ਤੇ ਇੱਕ ਮਹੀਨੇ ਦੇ ਨੋਟਿਸ ਦੇ ਇਵਜ਼ ਵਿੱਚ ਬਣਦੀ ਤਨਖਾਹ ਆਦਿ ਅਜੇ ਤੱਕ ਪੈਂਡਿੰਗ ਹਨ:-

> *"ਪੰਜਾਬ ਸਰਕਾਰ ਵੱਲੋਂ ਜਾਰੀ ਉਕਤ ਪੱਤਰ ਅਨੁਸਾਰ 'Deemed Resignation' ਦੇ ਤਹਿਤ ਜੇਕਰ ਕੋਈ ਅਧਿਕਾਰੀ/ਕਰਮਚਾਰੀ ਬਿਨਾਂ ਪਹਿਲਾਂ ਛੁੱਟੀ ਮਨਜ਼ੂਰ ਕਰਵਾਏ ਆਪਣੀ ਡਿਊਟੀ ਤੋਂ ਗੈਰ-ਹਾਜ਼ਰ ਰਹਿੰਦਾ ਹੈ ਅਤੇ ਇਹ ਗੈਰ-ਹਾਜ਼ਰੀ ਦਾ ਸਮਾਂ ਚਲਦੇ ਨੂੰ ਇੱਕ ਸਾਲ ਤੋਂ ਵੱਧ ਦਾ ਸਮਾਂ ਹੋ ਜਾਂਦਾ ਹੈ ਤਾਂ ਉਸ ਵੱਲੋਂ ਸਰਕਾਰੀ ਸਰਵਿਸ ਤੋਂ ਅਸਤੀਫਾ ਦਿੱਤਾ ਗਿਆ ਸਮਝਿਆ ਜਾਵੇਗਾ ਭਾਵ ਉਸ ਵੱਲੋਂ ਸਰਕਾਰੀ ਸਰਵਿਸ ਤੋਂ Deemed Resignation ਮੰਨਿਆ ਜਾਵੇਗਾ। ਇਹ ਸਮਾਂ ਮੁਕੰਮਲ ਹੋਣ 'ਤੇ ਉਸ ਨੂੰ ਸਰਕਾਰੀ ਸਰਵਿਸ ਵਿੱਚ ਮੁੜ ਜੁਆਇਨ ਨਹੀਂ ਕਰਵਾਇਆ ਜਾਵੇਗਾ।"*

ਇਹ ਹੁਕਮ ਸਮੱਰਥ ਅਧਿਕਾਰੀ ਜੀ ਦੇ ਪ੍ਰਵਾਨਗੀ ਨਾਲ ਜਾਰੀ ਕੀਤੇ ਜਾਂਦੇ ਹਨ।

ਰਜਿਸਟਰਾਰ

Endst. No. 08-BFUHS/Estt.III/2025/6181-86 Date 26/03/2025
Copy to the following for kind information & n/a:-

1. ਪੀ.ਏ., ਉੱਪ-ਕੁੱਲਪਤੀ ਨੂੰ ਮਾਨਯੋਗ ਉੱਪ-ਕੁੱਲਪਤੀ ਜੀ ਦੀ ਸੂਚਨਾ ਹਿੱਤ
2. ਪੀ.ਏ., ਰਜਿਸਟਰਾਰ ਨੂੰ ਮਾਨਯੋਗ ਰਜਿਸਟਰਾਰ ਜੀ ਦੀ ਸੂਚਨਾ ਹਿੱਤ
3. ਮੈਡੀਕਲ ਸੁਪਰਡੈਂਟ, ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ, ਫਰੀਦਕੋਟ-ਇਹ ਹੁਕਮ *ਉਕਤ ਕਰਮਚਾਰਨ ਨੂੰ ਈ-ਮੇਲ ਰਾਹੀਂ ਭੇਜਣ ਦੀ ਬੇਨਤੀ ਕੀਤੀ ਜਾਂਦੀ ਹੈ।*
4. ਵਿੱਤ ਅਫਸਰ, ਬੀ.ਐੱਫ.ਯੂ.ਐੱਚ.ਐੱਸ.
5. ਸ਼੍ਰੀਮਤੀ ਅਰਸ਼ਦੀਪ ਕੌਰ ਸੋਹੀ ਪੁੱਤਰੀ ਸ੍ਰੀ ਕਮਲਜੀਤ ਸਿੰਘ ਸੋਹੀ
6. ਯੂਨੀਵਰਸਿਟੀ ਵੈੱਬਸਾਈਟ

ਰਜਿਸਟਰਾਰ